


# ਤੁਹਾਡੇ ਬੱਚੇ ਦੀ ਤਰੱਕੀ

## ਸਕੂਲੀ ਵਰ੍ਹੇ 2016-17 ਲਈ ਪੜ੍ਹਾਈ ਦੇ ਮਿਆਰ

ਵਾਸ਼ਿੰਗਟਨ ਦੇ K–12 ਪੜ੍ਹਾਈ ਦੇ ਮਿਆਰ ਹਨ ਜੋ ਅਜਿਹੀ ਜਾਣਕਾਰੀ ਅਤੇ ਹੁਨਰਾਂ ਨੂੰ ਪਰਿਭਾਸ਼ਤ ਕਰਦੇ ਹਨ ਜਿਹਨਾਂ ਦੀ ਲੋੜ ਹਰੇਕ ਵਿਦਿਆਰਥੀ ਨੂੰ ਹਾਈ ਸਕੂਲ ਮੁਕੰਮਲ ਕਰਨ ਤੋਂ ਬਾਅਦ ਕੈਰੀਅਰ, ਕਾਲਜ ਅਤੇ ਜ਼ਿੰਦਗੀ ਲਈ ਤਿਆਰ ਹੋਣ ਵਾਸਤੇ ਪੈਂਦੀ ਹੈ।

ਹੇਠਾਂ ਕਿੰਡਰਗਾਰਟਨ ਲਈ ਵਾਸ਼ਿੰਗਟਨ ਦੇ ਪੜ੍ਹਾਈ ਦੇ ਮੁੱਖ ਟੀਚਿਆਂ ਦੀਆਂ ਸੰਖੇਪ ਉਦਾਹਰਨਾਂ ਹਨ।
ਵਧੇਰੇ ਪੂਰਨ ਜਾਣਕਾਰੀ ਲਈ, ਇਸ ਵੈਬਸਾਈਟ 'ਤੇ ਜਾਓ:

**www.YourChildsProgress.com**

- **ਕਲਾਵਾਂ।** ਸਵੈ-ਅਸਥਾਨ; ਈਕੋ ਬੀਟਸ ਅਤੇ ਲੈਅ ਬਾਰੇ ਜਾਣੂ ਹੋਣਾ; ਅਵਾਜ਼ ਦੇ ਹੁਨਰਾਂ ਨੂੰ ਵਕਿਸਤਿ ਕਰਨਾ; ਛੋਟੀਆਂ ਹਰਕਤਾਂ ਦੇ ਹੁਨਰਾਂ ਨੂੰ ਵਕਿਸਤਿ ਕਰਨਾ।
- **ਵੱਦਿਅਿਕ ਤਕਨੀਕ।** ਵੈਬਸਾਈਟਾਂ ਦੀ ਵਰਤੋਂ ਕਰਦੇ ਹੋਏ ਕਲਾਸ ਦੇ ਰੂਪ ਵੱਿਚ ਜਾਨਵਰਾਂ ਬਾਰੇ ਜਾਣਕਾਰੀ ਇਕੱਠੀ ਕਰਨੀ।
- **ਅੰਗਰੇਜ਼ੀ ਭਾਸ਼ਾ ਕਲਾਵਾਂ (ELA)।** ਛਪਾਈ ਦੀਆਂ ਬੁਨਆਿਦੀ ਵਸ਼ਿੇਸ਼ਤਾਵਾਂ ਨੂੰ ਸਮਝਣਾ, ਪਰਚਿਤਿ ਕਹਾਣੀਆਂ ਅਤੇ ਪ੍ਰਮੁੱਖ ਵੇਰਵਆਿਂ ਨੂੰ ਮੁੜ ਤੋਂ ਦੱਸਣਾ, ਅਤੇ ਪ੍ਰਸ਼ਨਾਂ ਦਾ ਉੱਤਰ ਦੇਣਾ।
- **ਸਹਿਤ ਅਤੇ ਸਰੀਰਕ ਸੱਿਖਆਿ।** ਸਰੀਰ ਬਾਰੇ ਸ਼ਬਦਾਵਲੀ, ਤੱਥਾਂ ਅਤੇ ਧਾਰਨਾਵਾਂ ਨੂੰ ਸੱਿਖਣਾ; ਛੋਟੀਆਂ ਹਰਕਤਾਂ ਦੇ ਹੁਨਰਾਂ ਅਤੇ ਹਰਕਤ ਦੇ ਪੈਟਰਨਾਂ ਦਾ ਵਕਿਾਸ ਕਰਨਾ; ਸੁਰੱਖਆਿ ਨਯਿਮਾਂ ਦੀ ਪਾਲਣਾ ਕਰਨੀ।
- **ਗਣਤਿ।** ਸੰਖਆਿਵਾਂ ਬਾਰੇ ਅਤੇ ਸੰਖਆਿਵਾਂ ਜਸਿ ਦੀ ਪ੍ਰਤੀਨਧਿਤਾ ਕਰਦੀਆਂ ਹਨ ਉਸ ਬਾਰੇ, ਅਤੇ ਜਮਾਂ ਅਤੇ ਘਟਾਓ ਦੀਆਂ ਧਾਰਣਾਵਾਂ ਨੂੰ ਸਮਝਣਾ।
- **ਵਗਿਆਿਨ।** ਭੌਤਕਿ ਦੁਨੀਆ, ਸਥਾਨਕ ਮੌਸਮ ਅਤੇ ਇਸ ਬਾਰੇ ਸਮਝਣਾ ਕ ਿਪੌਦਆਿਂ ਅਤੇ ਜਾਨਵਰਾਂ ਨੂੰ ਜਉਿਂਦੇ ਰਹਣਿ ਲਈ ਕਸਿ ਚੀਜ਼ ਦੀ ਲੋੜ ਹੁੰਦੀ ਹੈ।
- **ਸਮਾਜਕਿ ਸੱਿਖਆਿ।** ਸਮੁਦਾਇ ਦੇ ਤੌਰ 'ਤੇ ਕਲਾਸਰੂਮ ਦੀ ਪੜਤਾਲ ਕਰਨੀ ਅਤੇ ਇਹ ਪਤਾ ਲਗਾਉਣਾ ਕ ਿਅਧਕਿਾਰਾਂ, ਨਯਿਮਾਂ ਅਤੇ ਨਰਿਪੱਖਤਾ ਦੇ ਸਬੰਧ ਵੱਿਚ ਕਵਿੇਂ ਫੈਸਲੇ ਲਏ ਜਾਂਦੇ ਹਨ।

ਵਾਸ਼ਿੰਗਟਨ ਕੋਲ ਇੰਟੇਗ੍ਰੇਟਡ ਇਨਵਾਇਰਨਮੈਂਟ **ਐਂਡ ਸਸਟੇਨੇਬਿਲਟੀ, ਵਰਲਡ ਲੈਂਗੁਏਜ਼ਸ, ਕੈਰੀਅਰ ਐਂਡ ਟੈਕਨੀਕਲ ਐਜੂਕੇਸ਼ਨ** (ਮਿਡਲ ਅਤੇ ਹਾਈ ਸਕੂਲ ਲਈ ਫਰੇਮਵਰਕ ਅਤੇ ਇੰਡਸਟਰੀ ਸਟੈਂਡਰਡ), **ਇੰਗਲਿਸ਼ ਲੈਂਗੁਏਜ ਪ੍ਰੋਫੀਸ਼ੈਂਸੀ** (ELA, ਗਣਿਤ ਅਤੇ ਵਿਗਿਆਨ ਵਿੱਚ) **ਵੀ ਪੜ੍ਹਾਈ ਦੇ ਮਿਆਰ ਹਨ, ਇਸ ਤੋਂ ਇਲਾਵਾ ਅਰਲੀ ਲਰਨਿੰਗ** (ਜਨਮ ਤੋਂ 3ਜੇ ਗ੍ਰੇਡ ਤਕ) ਲਈ ਦਿਸ਼ਾ-ਨਿਰਦੇਸ਼ ਹਨ ਜੋ ਸਾਰੇ ਵਿਦਿਆਰਥੀਆਂ ਲਈ ਸੰਪੂਰਨ ਸਿੱਖਿਆ ਦੇ ਪੂਰਕ ਹੁੰਦੇ ਹਨ।

**ਵਿਸ਼ੇਸ਼ ਸਿੱਖਿਆ:** ਜਿਹੜੇ ਵਿਦਿਆਰਥੀ ਸੇਵਾਵਾਂ ਪ੍ਰਾਪਤ ਕਰਦੇ ਹਨ ਉਹਨਾਂ ਕੋਲ ਉਹਨਾਂ ਦੀਆਂ ਵਿਅਕਤੀਗਤ ਸਿੱਖਿਆ ਯੋਜਨਾਵਾਂ ਵਿੱਚ ਪਛਾਣ ਕੀਤੀਆਂ ਅਨੁਕੂਲਤਾਵਾਂ, ਸੰਸ਼ੋਧਨ ਅਤੇ ਸਹਾਇਤਾ ਹੁੰਦੀ ਹੈ।

**ਅੰਗਰੇਜ਼ੀ ਭਾਸ਼ਾ ਸਿੱਖਣ ਵਾਲੇ:** ਜਿਹੜੇ ਵਿਦਿਆਰਥੀ ਅੰਗਰੇਜ਼ੀ ਬੋਲਣੀ ਸਿਖ ਰਹੇ ਹੁੰਦੇ ਹਨ ਉਹਨਾਂ ਕੋਲ ਭਾਸ਼ਾਈ ਮਹਾਰਤ ਦੇ ਮਿਆਰ ਹੁੰਦੇ ਹਨ ਜੋ ਸਮੁੱਚੇ ਵਿਸ਼ਿਆਂ ਦੀ ਪੜ੍ਹਾਈ ਦੀ ਯੋਜਨਾ ਬਣਾਉਣ ਵਿੱਚ ਅਧਿਆਪਕਾਂ ਦੀ ਮਦਦ ਕਰਦੇ ਹਨ ਜੋ ਹਰੇਕ ਵਿਦਿਆਰਥੀ ਦੇ ਭਾਸ਼ਾਈ ਵਿਕਾਸ ਦੇ ਪੱਧਰ ਲਈ ਢੁਕਵੀਂ ਹੁੰਦੀ ਹੈ।

# ਗ੍ਰੇਡ K

### ਵਾਸ਼ਿੰਗਟਨ ਰਾਜ ਦੇ ਪੜ੍ਹਾਈ ਸੰਬੰਧੀ ਟੀਚੇ

ਵਾਸ਼ਿੰਗਟਨ ਰਾਜ ਦੇ ਵਿਧਾਨਕਾਰਾਂ ਨੇ ਰਾਜ ਵਿੱਚ ਅਕਾਦਮਿਕ ਪੜ੍ਹਾਈ ਦੇ ਸਾਰੇ ਮਿਆਰਾਂ ਦੇ ਵਿਕਾਸ ਵਾਸਤੇ ਬੁਨਿਆਦ ਰੱਖਣ ਲਈ ਪੜ੍ਹਾਈ ਦੇ ਚਾਰ ਟੀਚੇ ਕਾਇਮ ਕੀਤੇ ਹਨ:

1. ਸਮਝ ਕੇ ਪੜ੍ਹੋ, ਪ੍ਰਭਾਵਸ਼ਾਲੀ ਢੰਗ ਨਾਲ ਲਿੱਖੋ, ਅਤੇ ਵੱਖੋ-ਵੱਖ ਤਰੀਕਿਆਂ ਅਤੇ ਸੈਟਿੰਗਸ ਨਾਲ ਅਤੇ ਵੱਖੋ-ਵੱਖ ਕਿਸਮਾਂ ਦੇ ਸ੍ਰੋਤਿਆਂ ਨਾਲ ਸਫਲਤਾਪੂਰਵਕ ਸੰਚਾਰ ਕਰੋ;
2. ਵੱਖ-ਵੱਖ ਸਭਿਆਚਾਰਾਂ ਅਤੇ ਪ੍ਰਤੀਨਿਧ ਸਰਕਾਰ ਵਿੱਚ ਭਾਗੀਦਾਰੀ; ਭੂਗੋਲ; ਕਲਾ; ਅਤੇ ਸਿਹਤ ਅਤੇ ਤੰਦਰੁਸਤੀ ਸਮੇਤ ਗਣਿਤ; ਸਮਾਜਿਕ, ਭੌਤਿਕ, ਅਤੇ ਜੀਵ ਵਿਗਿਆਨ; ਨਾਗਰਿਕ ਸ਼ਾਸ਼ਤਰ ਅਤੇ ਇਤਿਹਾਸ, ਦੀਆਂ ਮੂਲ ਧਾਰਣਾਵਾਂ ਅਤੇ ਸਿਧਾਤਾਂ ਬਾਰੇ ਜਾਣਨਾ ਅਤੇ ਉਹਨਾਂ ਦਾ ਅਮਲ;
3. ਵਿਵੇਕਪੂਰਣ ਫ਼ੈਸਲੇ ਲੈਣ ਅਤੇ ਸਮੱਸਿਆਵਾਂ ਨੂੰ ਹੱਲ ਕਰਨ ਲਈ ਵਿਸ਼ਲੇਸ਼ਣਾਤਮਕ, ਤਰਕਪੂਰਣ ਅਤੇ ਸਿਰਜਣਾਤਮਕ ਢੰਗ ਵਿੱਚ ਸੋਚਣਾ, ਅਤੇ ਤਕਨੀਕ ਦੀ ਪੜ੍ਹਾਈ ਅਤੇ ਰਵਾਨਗੀ ਅਤੇ ਨਾਲ ਹੀ ਵੱਖ-ਵੱਖ ਤਜਰਬਿਆਂ ਅਤੇ ਗਿਆਨ ਨੂੰ ਮਿਲਾਉਣਾ; ਅਤੇ
4. ਕੰਮ ਅਤੇ ਵਿੱਤ ਦੇ ਮਹੱਤਵ ਅਤੇ ਇਸ ਗੱਲ ਨੂੰ ਸਮਝਣਾ ਕਿ ਪ੍ਰਦਰਸ਼ਨ, ਕੋਸ਼ਿਸ਼ ਅਤੇ ਫ਼ੈਸਲੇ ਕਿਸ ਤਰ੍ਹਾਂ ਨਾਲ ਭਵਿੱਖ ਦੇ ਕੈਰੀਅਰ ਅਤੇ ਵਿਦਿਅਕ ਮੌਕਿਆਂ ਨੂੰ ਸਿੱਧੇ ਤੌਰ 'ਤੇ ਪ੍ਰਭਾਵਿਤ ਕਰਦੇ ਹਨ।

ਜਨਤਕ ਹਦਾਇਤ ਦੇ ਸੁਪਰੀਡੈਂਟ ਦਾ ਦਫ਼ਤਰ
(Office of Superintendent of Public Instruction)
www.k12.wa.us

September 2016, Publication No. 16-0031

# WaKIDS

Washington Kindergarten Inventory of Developing Skills

ਵਾਸ਼ਿੰਗਟਨ ਕਿੰਡਰਗਾਰਟਨ ਇਨਵੈਂਟਰੀ ਆਫ ਡਿਵੈਲਪਿੰਗ ਸਕਿਲਜ਼ (WaKIDS) ਅੱਗੇ ਦਿੱਤਿਆਂ ਲਈ ਇੱਕ ਪ੍ਰਕਿਰਿਆ ਹੈ:

- **ਪਰਿਵਾਰਕ ਜੁੜਾਵ ਜ਼ਰੀਏ ਕਿੰਡਰਗਾਰਟਨ ਵਿੱਚ ਵਿਦਿਆਰਥੀਆਂ ਅਤੇ ਉਹਨਾਂ ਦੇ ਪਰਿਵਾਰਾਂ ਦਾ ਸਵਾਗਤ ਕਰਨਾ।** ਸਕੂਲ ਸ਼ੁਰੂ ਹੋਣ ਤੋਂ ਪਹਿਲਾਂ, ਅਤੇ ਇਸ ਤੋਂ ਬਾਅਦ ਜਲਦੀ ਹੀ, ਕਿੰਡਰਗਾਰਟਨ ਦੇ ਅਧਿਆਪਕ ਪਰਿਵਾਰਾਂ ਨਾਲ ਉਹਨਾਂ ਦਾ ਸਕੂਲ ਵਿੱਚ ਸਵਾਗਤ ਕਰਨ ਲਈ ਅਤੇ ਹਰੇਕ ਬੱਚੇ ਦੀਆਂ ਖ਼ੂਬੀਆ ਅਤੇ ਲੋੜਾਂ ਬਾਰੇ ਗੱਲ ਕਰਨ ਲਈ ਮੁਲਾਕਾਤ ਕਰਦੇ ਹਨ।
- **ਹੋਲ ਚਾਈਲਡ ਅਸੈੱਸਮੇਂਟ (Whole-Child Assessment) ਰਾਹੀਂ ਵਿਦਿਆਰਥੀਆਂ ਦੀਆਂ ਸਮਰੱਥਾਵਾਂ ਬਾਰੇ ਜਾਣਨਾ।** ਅਕਤੂਬਰ 31 ਤੱਕ, ਅਧਿਆਪਕ ਕਲਾਸਰੂਮ ਗਤੀਵਿਧੀਆਂ ਦੇ ਦੌਰਾਨ ਬੱਚਿਆਂ ਦਾ ਨਿਰੀਖਣ ਕਰਦੇ ਹਨ ਅਤੇ ਹਰੇਕ ਬੱਚੇ ਦੀਆਂ ਵਿਕਾਸ ਕੁਸ਼ਲਤਾਵਾਂ ਨੂੰ ਇਨ੍ਹਾਂ ਛੇ ਖੇਤਰਾਂ ਵਿੱਚ ਦਰਜ ਕਰਦੇ ਹਨ: ਸਮਾਜਿਕ-ਸੰਵੇਦਨਾਤਮਕ, ਸਰੀਰਕ, ਦਿਮਾਗੀ, ਭਾਸ਼ਾ, ਸਾਖਰਤਾ, ਅਤੇ ਗਣਿਤ।
- **ਆਰੰਭਕ ਪੜ੍ਹਾਈ ਦੇ ਸਹਿਯੋਗ ਜ਼ਰੀਏ ਬੱਚਿਆਂ ਦੇ ਵਿਕਾਸ ਦੀਆਂ ਵਿਸ਼ੇਸ਼ਤਾਵਾਂ ਅਤੇ ਪੜ੍ਹਾਈ ਬਾਰੇ ਵਿਚਾਰ-ਵਟਾਂਦਰਾ ਕਰਨਾ।** ਸਕੂਲੀ ਸਾਲ ਦੇ ਜਾਰੀ ਰਹਿਣ ਦੌਰਾਨ, ਆਰੰਭਕ ਪੜ੍ਹਾਈ ਦੇ ਪੇਸ਼ੇਵਰ ਅਤੇ ਕਿੰਡਰਗਾਰਟਨ ਅਧਿਆਪਕ ਉਸ ਜਾਣਕਾਰੀ ਨੂੰ ਸਾਂਝਾ ਕਰਨ ਲਈ ਮੁਲਾਕਾਤ ਕਰਦੇ ਹਨ ਜੋ ਵਿਦਿਆਰਥੀਆਂ ਨੂੰ ਸਕੂਲ ਵਿੱਚ ਸਫਲ ਬਣਾਏਗੀ।

**ਚਲਾਓ WaKIDS ਵੀਡੀਓ**

## ਕੌਣ ਭਾਗ ਲੈਂਦਾ ਹੈ?

ਰਾਜ ਤੋਂ ਵਿੱਤੀ ਸਹਾਇਤਾ ਪ੍ਰਾਪਤ, ਪੂਰਾ ਦਿਨ ਚੱਲਣ ਵਾਲੇ ਕਿੰਡਰਗਾਰਟਨਾਂ ਵਾਸਤੇ WaKIDS ਨੂੰ ਲਾਗੂ ਕਰਨ ਦੀ ਲੋੜ ਹੁੰਦੀ ਹੈ। ਜਦ ਕਿ ਹੋਰ ਪਬਲਿਕ ਸਕੂਲ WaKIDS ਵਿੱਚ ਸ੍ਵੈ-ਇੱਛਾ ਨਾਲ ਸ਼ਾਮਲ ਹੋ ਸਕਦੇ ਹਨ, ਪਰ ਸਾਰੇ ਸਕੂਲ ਅਜੇ ਤੱਕ WaKIDS ਨੂੰ ਲਾਗੂ ਨਹੀਂ ਕਰ ਰਹੇ। 2017–18 ਤੱਕ, ਅਸੀਂ ਆਸ ਕਰਦੇ ਹਾਂ ਕਿ ਸਾਰੇ ਕਿੰਡਰਗਾਰਟਨਾਂ ਕੋਲ ਰਾਜ-ਫੰਡ ਸਹਾਇਤਾ ਪ੍ਰਾਪਤ ਫੁੱਲ-ਡੇ ਕਲਾਸਰੂਮ ਹੋਣਗੇ ਅਤੇ WaKIDS ਵਿੱਚ ਸ਼ਾਮਲ ਹੋਣਗੇ।

## ਇਹ ਕਿਵੇਂ ਮਦਦ ਕਰਦਾ ਹੈ?

ਹਰੇਕ ਸਾਲ, 80,000 ਵਿਦਿਆਰਥੀ ਉਹਨਾਂ ਹੁਨਰਾਂ ਨਾਲ ਕਿੰਡਰਗਾਰਟਨ ਵਿੱਚ ਦਾਖਲ ਹੁੰਦੇ ਹਨ ਜੋ ਵਿਆਪਕ ਰੂਪ ਵਿੱਚ ਵੱਖੋ-ਵੱਖਰੇ ਹੁੰਦੇ ਹਨ। WaKIDS ਦਾ ਉਦੇਸ਼ ਜਾਣਕਾਰੀ ਇੱਕਤਰ ਕਰਨ ਅਤੇ ਸਾਂਝੀ ਕਰਨ ਲਈ ਪਰਿਵਾਰਾਂ, ਆਰੰਭਕ ਪੜ੍ਹਾਈ ਦੇ ਪੇਸ਼ੇਵਰਾਂ ਅਤੇ ਕਿੰਡਰਗਾਰਟਨ ਅਧਿਆਪਕਾਂ ਲਈ ਹੋਰ ਜ਼ਿਆਦਾ ਰਸਮੀ ਪ੍ਰਕਿਰਿਆ ਮੁਹੱਈਆ ਕਰਨਾ ਹੈ, ਤਾਂ ਜੋ ਬੱਚਿਆਂ ਨੂੰ ਸਕੂਲ ਵਿੱਚ ਸਫਲ ਹੋਣ ਲਈ ਲੋੜੀਂਦੀ ਸਹਾਇਤਾ ਮਿਲ ਸਕੇ।

ਕਿੰਡਰਗਾਰਟਨ ਅਧਿਆਪਕ ਇਕੱਤਰ ਕੀਤੀ ਜਾਣਕਾਰੀ ਦੀ ਵਰਤੋਂ ਕਲਾਸਰੂਮ ਅਧਿਆਪਨ ਵਿੱਚ ਸੁਧਾਰ ਲਿਆਉਣ ਅਤੇ ਆਪਣੀ ਸਿੱਖਿਆ ਨੂੰ ਹਰੇਕ ਵਿਦਿਆਰਥੀ ਦੀਆਂ ਵਿਅਕਤਗੀਤ ਲੋੜਾਂ ਮੁਤਾਬਕ ਬਣਾਉਣ ਲਈ ਕਰਦੇ ਹਨ। WaKIDS ਪਰਿਵਾਰਾਂ ਅਤੇ ਆਰੰਭਕ ਪੜ੍ਹਾਈ ਕਰਵਾਉਣ ਵਾਲਿਆਂ ਨਾਲ ਜੁੜਨ ਦੇ ਪ੍ਰਭਾਵਸ਼ਾਲੀ ਤਰੀਕਿਆਂ ਨੂੰ ਤੈਅ ਕਰਨ ਅਤੇ ਸਮੁਦਾਇ, ਡਿਸਟ੍ਰਿਕ ਅਤੇ ਰਾਜ ਪੱਧਰ 'ਤੇ ਨੀਤੀਗਤ ਫੈਸਲਿਆਂ ਬਾਰੇ ਸੂਚਿਤ ਕਰਨ ਵਿੱਚ ਵੀ ਮਦਦ ਕਰਦੀ ਹੈ।

## ਕੀ ਇਸ ਨੂੰ ਰਾਜ ਦੇ ਪੜ੍ਹਾਈ ਦੇ ਮਿਆਰਾਂ ਦੇ ਅਨੁਕੂਲ ਬਣਾਇਆ ਜਾਂਦਾ ਹੈ?

ਵਾਸ਼ਿੰਗਟਨ ਸਟੇਟ ਲਰਨਿੰਗ ਸਟੈਂਡਰਡ (ਵਾਸ਼ਿੰਗਟਨ ਰਾਜ ਦੇ ਪੜ੍ਹਾਈ ਦੇ ਮਿਆਰ) ਅਜਿਹੀ ਜਾਣਕਾਰੀ ਅਤੇ ਹੁਨਰਾਂ ਦੀ ਪ੍ਰਤੀਨਿਧਤਾ ਕਰਦੇ ਹਨ ਜਿਹਨਾਂ ਬਾਰੇ ਸਾਰੇ ਵਿਦਿਆਰਥੀਆਂ ਨੂੰ ਜਾਣਨਾ ਚਾਹੀਦਾ ਹੈ ਅਤੇ ਹਰੇਕ ਗ੍ਰੇਡ ਦੇ ਅੰਤ ਤਕ ਉਹਨਾਂ ਨੂੰ ਕਰਨ ਦੇ ਯੋਗ ਹੋਣਾ ਚਾਹੀਦਾ ਹੈ। ਆਉਣ ਵਾਲੇ ਕਿੰਡਰਗਾਰਟਨ ਵਿਦਿਆਰਥੀਆਂ ਤੋਂ ਸਕੂਲ ਦਾਖ ਲ ਹੋਣ ਸਮੇਂ ਸਾਲ ਦੇ ਆਖਰ ਦੇ ਮਿਆਰਾਂ ਨੂੰ ਪੂਰਾ ਕਰਨ ਦੀ ਆਸ ਨਹੀਂ ਕੀਤੀ ਜਾਂਦੀ। WaKIDS ਇੱਕ ਪ੍ਰਕਿਰਿਆ ਹੈ ਜੋ K–12 ਵਿੱਚ ਨਿਰਵਿਘਨ ਢੰਗ ਨਾਲ ਜਾਣ ਵਿੱਚ ਮਦਦ ਕਰਦੀ ਹੈ। ਇਹ ਅਧਿਆਪਕਾਂ ਨੂੰ ਅਜਿਹੀ ਸਿੱਖਿਆ ਦੀ ਰੂਪ-ਰੇਖਾ (ਡਿਜ਼ਾਇਨ) ਬਣਾਉਣ ਵਿੱਚ ਮਦਦ ਕਰਨ ਦੇ ਉਦੇਸ਼ ਲਈ ਹੁੰਦੀ ਹੈ ਜੋ ਸਾਲ ਦੇ ਆਖਰ ਵਿੱਚ ਪੜ੍ਹਾਈ ਦੇ ਮਿਆਰਾਂ ਨੂੰ ਪੂਰਾ ਕਰਨ ਲਈ ਵਿਦਿਆਰਥੀਆਂ ਨੂੰ ਸਹੀ ਰਾਸਤੇ 'ਤੇ ਲਿਜਾਂਦੀ ਹੈ।

## ਕੀ ਕਿੰਡਰਗਾਰਟਨ ਦਾਖਲੇ ਦੀਆਂ ਲੋੜਾਂ ਬਦਲਣਗੀਆਂ?

ਨਹੀਂ। ਸਾਰੇ ਬੱਚੇ ਜੋ 31 ਅਗਸਤ ਤਕ 5 ਸਾਲ ਦੀ ਉਮਰ ਦੇ ਹੁੰਦੇ ਹਨ ਉਹ ਕਿੰਡਰਗਾਰਟਨ ਵਿੱਚ ਦਾਖਲ ਹੋ ਸਕਦੇ ਹਨ। WaKIDS ਇਹ ਨਿਰਧਾਰਤ ਕਰਨ ਦੀ ਪ੍ਰਕਿਰਿਆ ਨਹੀਂ ਹੈ ਕਿ ਕੀ ਇੱਕ ਬੱਚੇ ਨੂੰ ਕਿੰਡਰਗਾਰਟਨ ਵਿੱਚ ਦਾਖਲ ਹੋਣਾ ਚਾਹੀਦਾ ਹੈ।

## ਕਡਿਰਗਾਰਟਨ ਰਾਜ ਦੇ ਟੈਸਟਾਂ ਲਈ ਸਮਾਂ-ਸੀਮਾ

**WaKIDS**

| | |
|---|---|
| **ਸਕੂਲੀ ਵਰ੍ਹੇ ਦੀ ਸ਼ੁਰੂਆਤ:** | ਪਰਿਵਾਰ ਅਤੇ ਅਧਿਆਪਕ ਪਰਿਵਾਰਕ ਜੁੜਾਵ ਲਈ ਮੁਲਾਕਾਤ ਕਰਦੇ ਹਨ। |
| **31 ਅਕਤੂਬਰ ਤਕ:** | ਅਧਿਆਪਕ ਬੱਚੇ ਦੇ ਸੰਪੂਰਨ ਮੁਲਾਂਕਣ ਨੂੰ ਪੂਰਾ ਕਰਦੇ ਹਨ ਅਤੇ ਪੜ੍ਹਾਈ ਨੂੰ ਵਿਅਕਤੀਗਤ ਬਣਾਉਣ ਲਈ ਡੈਟੇ ਦੀ ਵਰਤੋਂ ਕਰਦੇ ਹਨ। |
| **ਨਵੰਬਰ ਅਤੇ ਇਸ ਤੋਂ ਬਾਅਦ:** | ਪਰਿਵਾਰ ਅਤੇ ਅਧਿਆਪਕ ਨਿਰੀਖਣਾਂ ਬਾਰੇ ਵਿਚਾਰ-ਵਟਾਂਦਰਾ ਕਰਦੇ ਹਨ। ਜਾਣਕਾਰੀ ਸਾਂਝੀ ਕਰਨ ਲਈ ਅਧਿਆਪਕ ਅਤੇ ਮੁਢਲੀ ਸਿਖਲਾਈ ਪ੍ਰਦਾਨਕਰਤਾ ਮੇਲਜੋਲ ਰੱਖਦੇ ਹਨ। |

**ELPA21**

K–12 ਗ੍ਰੇਡਾਂ ਵਿੱਚ ਅੰਗਰੇਜ਼ੀ ਭਾਸ਼ਾ ਦੇ ਸਿਖਿਆਰਥੀ 21st Century (**ELPA21**) ਲਈ ਇੰਗਲਸ਼ਿ ਲੈਂਗਵੇਜ ਪ੍ਰਾਫੀਸ਼ੈਂਸੀ ਅਸੈੱਸਮੈਂਟ (English Language Proficiency Assessment) ਵਿੱਚ ਸ਼ਾਮਲ ਹੋਣਗੇ।

ELPA21 ਹਰ ਸਾਲ ਬਸੰਤ ਰੁੱਤ ਵਿੱਚ ਇਹ ਨਿਰਧਾਰਤ ਕਰਨ ਲਈ ਲਿਆ ਜਾਂਦਾ ਹੈ ਕਿ ਅੰਗਰੇਜ਼ੀ ਭਾਸ਼ਾ ਸਮਰਥਨ ਸੇਵਾਵਾਂ ਪ੍ਰਾਪਤ ਕਰਨਾ ਜਾਰੀ ਰੱਖਣ ਲਈ ਕਿਹੜੇ ਵਿਦਿਆਰਥੀ ਯੋਗ ਹਨ।

| | |
|---|---|
| **1 ਫਰਵਰੀ–14 ਮਾਰਚ:** ***(ਸੰਭਾਵੀ ਤਾਰੀਖਾਂ)*** | K–12 ਵਿੱਚ ਹਰੇਕ ਅੰਗਰੇਜ਼ੀ ਭਾਸ਼ਾ ਸਿਖਿਆਰਥੀ ਇਸ ਆਨਲਾਈਨ ਟੈਸਟ ਵਿੱਚ ਸ਼ਾਮਲ ਹੁੰਦਾ ਹੈ। |

Office of Superintendent of Public Instruction
Old Capitol Building
P.O. Box 47200
Olympia, WA 98504-7200

www.YourChildsProgress.com

September 2016, Publication No. 16-0031